ਸੇਵਾ ਵਿਖੇ,

ਵਣ ਰੇਂਜ ਅਫਸਰ,
ਪਟਿਆਲਾ।

ਵਿਸ਼ਾ: ਅਜੂਬਾ ਮੈਰਿਜ ਪੈਲਸ ਲਈ N.O.C ਲੈਣ ਸਬੰਧੀ।

ਹਵਾਲਾ: ਵਣ ਮੰਡਲ ਅਫਸਰ, ਪਟਿਆਲਾ ਜੀ ਦਾ ਪੱਤਰ ਨੰਬਰ: 5212-13, ਮਿਤੀ: 29/08/2019

ਉਪਰਕੋਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਜੀ ਦੱਸਿਆ ਜਾਂਦਾ ਹੈ ਕਿ ਸਾਡੇ ਵਲੋਂ ਮੌਕਾ ਵੇਖ ਲਿਆ ਗਿਆ ਹੈ, ਜਿਸ ਦਾ ਵੇਰਵਾ ਲੜੀਵਾਰ ਹੇਠ ਲਿਖੇ ਅਨੁਸਾਰ ਹੈ ਜੀ:

(1) ਮੌਕੇ ਅਨੁਸਾਰ ਵਣ ਵਿਭਾਗ ਦਾ ਪ੍ਰਭਾਵਿਤ ਰਕਬਾ ਪਟਿਆਲਾ-ਸੰਗਰੂਰ ਸੜਕ, ਕਿ:ਮੀ: 62 ਤੋਂ 63, ਖੱਬਾ ਪਾਸਾ ਵਿਖੇ ਹੈ। ਪ੍ਰਭਾਵਿਤ ਰਕਬੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਜੀ:

| | | | |
|---|---|---|---|
| Area of A: | 10.00 x 10.50 | = | 105.00 ਵ:ਮੀਟਰ |
| Area of B: | 2[(5.00 x 5.00) - (1/4 x 22/7 x 5 x5 )] | = | 10.74 ਵ:ਮੀਟਰ |
| ਕੁੱਲ ਰਕਬਾ | A+B (105.00 + 10.74) | = | 115.74 ਵ:ਮੀਟਰ |
| | **ਕੁੱਲ ਹੈਕਟਰ** | = | **0.011574 ਹੈਕਟਰ** |

ਇਸ ਨਾਲ ਵਣ ਵਿਭਾਗ ਦਾ ਕੋਈ ਵੀ ਰੁੱਖ/ਪੌਦਾ ਪ੍ਰਭਾਵਿਤ ਨਹੀਂ ਹੁੰਦਾ ਹੈ।

(2) ਯੂਜਰ ਏਜੰਸੀ ਵਲੋਂ ਫਿਲਹਾਲ ਐਫ.ਸੀ.ਏ. 1980 ਦੀ ਉਲੰਘਣਾ ਨਹੀਂ ਕੀਤੀ ਗਈ ਹੈ।

(3) ਫੋਟੋਗ੍ਰਾਫਸ ਨਾਲ ਨੱਥੀ ਹਨ।

(4) ਜੀ.ਪੀ.ਐਸ ਰੀਡਿੰਗ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

30°18'36.678" N 76°20'00.840" E

(5) ਉਪਰੋਕਤ ਫਾਰੈਸਟ ਸਟਰਿੱਪ ਉੱਤੇ 13 ਦਸੰਬਰ 2005 ਤੋਂ 75 ਸਾਲ ਪਹਿਲੇ ਪ੍ਰੋਟੈਕਟਿਡ ਫਾਰੈਸਟ ਨਹੀਂ ਸੀ ਕਿਉਂਕਿ ਇਸ ਰਕਬੇ ਨੂੰ ਨੋਟੀਫਿਕੇਸ਼ਨ ਨੰਬਰ 6058 F.T.III 59/3305 ਮਿਤੀ: 31-12-1957 ਅਨੁਸਾਰ ਬਤੌਰ ਪ੍ਰੋਟੈਕਟਿਡ ਫਾਰੈਸਟ ਘੋਸ਼ਿਤ ਕੀਤਾ ਗਿਆ ਹੈ।

(6) ਇਸ ਜਗ੍ਹਾ ਤੋਂ ਜੰਗਲੀ ਜੀਵ ਸੈਂਚਰੀ ਬੀੜ ਮੋਤੀ ਬਾਗ ਸੈਂਚਰੀ ਦੀ ਏਰੀਅਲ ਦੂਰੀ 6.275 ਕਿਲੋਮੀਟਰ ਹੈ।

(7) ਇਸ ਜਗ੍ਹਾ ਦੇ 1 ਕਿ:ਮੀ ਦੇ ਅੰਦਰ ਕੋਈ ਨੈਸ਼ਨਲ ਪਾਰਕ, ਜੰਗਲੀ ਜੀਵ ਸੈਂਚਰੀ, ਬਾਇਓਸਫਾਰੀ, ਚੀਤਾ ਸਫਾਰੀ, ਹਾਥੀ ਕੋਰੀਡੋਰ ਨਹੀਂ ਆਉਂਦਾ ਹੈ।

(8) ਇਸ ਜਗ੍ਹਾ ਦੇ ਨੇੜੇ ਕੋਈ rare/endangered/unique of Flora and Fauna ਨਹੀਂ ਹੈ।

(9) ਇਸ ਜਗ੍ਹਾ ਤੋਂ ਹੈਰੀਟੇਜ ਸਾਈਟ ਕਿਲ੍ਹਾ ਮੁਬਾਰਕ ਦੀ ਏਰੀਅਲ ਦੂਰੀ 6.70 ਕਿਲੋਮੀਟਰ ਹੈ, ਡਿਫੈਂਸ ਅਸਟੈਬਲਸਮੈਂਟ ਦੀ ਏਰੀਅਲ ਦੂਰੀ 133 ਮੀਟਰ ਹੈ ਅਤੇ ਇਤਿਹਾਸਿਕ ਜਗ੍ਹਾ ਗੁਰੂਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦੀ ਏਰੀਅਲ ਦੂਰੀ 7.33 ਕਿਲੋਮੀਟਰ ਹੈ।

ਰਿਪੋਰਟ ਆਪ ਜੀ ਨੂੰ ਸੂਚਨਾ ਅਤੇ ਅਗਲੀ ਯੋਗ ਕਾਰਵਾਈ ਹਿੱਤ ਪੇਸ਼ ਹੈ ਜੀ।